# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10**

**ਮਿਤੀ :13-11-2025**

ਕੇਂਦਰੀ ਵਜਾਰਤ ਨੇ ਬਰਾਮਦਕਾਰਾਂ ਲਈ ਨਵੀਂ ਕਰਜ਼ਾ ਭਰੋਸਾ ਯੋਜਨਾ ਨੂੰ ਮਨਜ਼ੂਰੀ ਦੇ ਦਿੱਤੀ ਏ , ਜੋ ਕਿ ਐੱਮ.ਐੱਸ.ਐੱਮ.ਈ. ਸਮੇਤ ਬਰਾਮਦਕਾਰਾਂ ਨੂੰ 100 ਫੀਸਦੀ ਕਰਜਾ ਭਰੋਸਾ ਪ੍ਰਦਾਨ ਕਰਦੀ ਏ। ਇਸ ਯੋਜਨਾ ਤਹਿਤ 20 ਹਜ਼ਾਰ ਕਰੋੜ ਰੁਪਏ ਤੱਕ ਦਾ ਵਾਧੂ ਕਰਜ਼ਾ ਮਿਲ ਸਕੇਗਾ। ਕੱਲ੍ਹ ਨਵੀਂ ਦਿੱਲੀ ਵਿਚ ਸੂਚਨਾ ਤੇ ਪ੍ਰਸਾਰਣ ਮੰਤਰੀ ਅਸ਼ਵਨੀ ਵੈਸ਼ਨਵ ਨੇ ਕਿਹਾ ਕਿ ਇਸ ਯੋਜਨਾ ਦਾ ਮਕਸਦ ਭਾਰਤ ਦੇ ਇਕ ਲੱਖ ਕਰੋੜ ਰੁਪਏ ਦੇ ਬਰਾਮਦ ਟੀਚੇ ਨੂੰ ਉਤਸ਼ਾਹਤ ਕਰਨਾ ਏ। ਉਨ੍ਹਾਂ ਕਿਹਾ ਕਿ...

BYTE

ਕੇਂਦਰੀ ਵਜਾਰਤ ਨੇ ਕਈ ਮੁੱਖ ਖਣਿਜਾਂ ਲਈ ਰਾਇਲਟੀ ਦਰਾਂ ਨੂੰ ਸੋਧਿਆ ਏ ਅਤੇ 25 ਹਜ਼ਾਰ ਕਰੋੜ ਤੋਂ ਵੱਧ ਦੇ ਖ਼ਰਚੇ ਨਾਲ ਬਰਾਮਦ

ਪ੍ਰਮੋਸ਼ਨ ਮਿਸ਼ਨ (ਈ.ਪੀ.ਐੱਮ.) ਨੂੰ ਵੀ ਮਨਜ਼ੂਰੀ ਦਿੱਤੀ ਏ। ਇਹ ਕੇਂਦਰੀ ਬਜਟ 2025-26 ਵਿਚ ਐਲਾਨੀ ਗਈ ਵੱਡੀ ਪਹਿਲ ਏ, ਜੋ ਕਿ ਬਹੁਤ ਛੋਟੇ, ਛੋਟੇ ਅਤੇ ਦਰਮਿਆਨੇ ਆਕਾਰ ਦੇ ਉੱਦਮਾਂ (MSMEs), ਪਹਿਲੀ ਵਾਰ ਬਰਾਮਦ ਕਰਨ ਵਾਲੇ ਤੇ ਕਿਰਤ-ਸਬੰਧੀ ਖੇਤਰਾਂ ਲਈ ਏ।

---------------------------------------------------

ਸੁਪਰੀਮ ਕੋਰਟ ਨੇ ਪੰਜਾਬ ਅਤੇ ਹਰਿਆਣਾ ਸਰਕਾਰਾਂ ਨੂੰ ਪਰਾਲੀ ਸਾੜਨ, ਜੋ ਕਿ ਦਿੱਲੀ-NCR ਖੇਤਰ ਵਿਚ ਹਵਾ ਪ੍ਰਦੂਸ਼ਣ ਦਾ ਇਕ ਕਾਰਨ ਬਣਦਾ ਏ, ਨੂੰ ਰੋਕਣ ਲਈ ਕੀਤੇ ਗਏ ਉਪਾਵਾਂ 'ਤੇ ਦਰਜਾ ਰਿਪੋਰਟ ਦਾਇਰ ਕਰਨ ਦੀ ਹਦਾਇਤ ਕੀਤੀ ਏ। ਭਾਰਤ ਦੇ ਚੀਫ਼ ਜਸਟਿਸ ਬੀ.ਆਰ. ਗਵਈ ਅਤੇ ਜਸਟਿਸ ਕੇ. ਵਿਨੋਦ ਚੰਦਰਨ ਦੇ ਬੈਂਚ ਨੇ ਇਹਨਾਂ ਸੂਬਿਆਂ ਨੂੰ ਰਿਪੋਰਟ ਦਾਇਰ ਕਰਨ ਦਾ ਨਿਰਦੇਸ਼ ਦਿੱਤਾ ਏ, ਜਿਸ ਵਿਚ ਕਿਹਾ ਗਿਆ ਏ ਕਿ ਉਹ ਦਿੱਲੀ-NCR ਵਿਚ ਹਵਾ ਪ੍ਰਦੂਸ਼ਣ ਦੇ ਮੁੱਦੇ 'ਤੇ ਅਗਲੇ ਹਫ਼ਤੇ ਸੁਣਵਾਈ ਕਰਨਗੇ। ਸੁਪਰੀਮ ਕੋਰਟ ਇਸ ਸਮੇਂ ਹਵਾ ਪ੍ਰਦੂਸ਼ਣ 'ਤੇ 1985 ਵਿਚ ਦਾਇਰ ਇਕ ਪਟੀਸ਼ਨ ਦੀ

ਸੁਣਵਾਈ ਕਰ ਰਹੀ ਏ ਅਤੇ ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਸਾੜਨ ਦਾ ਮੁੱਦਾ ਇਸੇ ਤੋਂ ਉੱਠਿਆ ਏ।

---------------------------------------------------

ਪੰਜਾਬ ਵਿਚ ਇਸੇ ਸਾਲ ਅਗਸਤ-ਸਤੰਬਰ ਦੌਰਾਨ ਆਏ ਹੜ੍ਹਾਂ ਤੋਂ ਬਾਅਦ ਹੋਏ ਨੁਕਸਾਨ ਦਾ ਮੁਲਾਂਕਣ ਕਰਨ ਲਈ ਇਕ ਕੇਂਦਰੀ ਟੀਮ ਨੇ ਪਠਾਨਕੋਟ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ 2 ਦਿਨਾਂ ਦੌਰਾ ਕੀਤਾ। ਟੀਮ ਨੇ ਨਰੋਟ ਜੈਮਲ ਸਿੰਘ ਦੇ ਕੌਲੀਆਂ ਅੱਡਾ ਤੋਂ ਪੰਮਾ ਅਤੇ ਬਮਿਆਲ ਤੱਕ ਦਾ ਦੌਰਾ ਕੀਤਾ ਤੇ ਹੜ੍ਹ ਪ੍ਰਭਾਵਿਤ ਸਕੂਲਾਂ ਦੇ ਨੁਕਸਾਨ ਦਾ ਵੀ ਮੁਲਾਂਕਣ ਕੀਤਾ। ਜ਼ਿਲ੍ਹੇ ਦੇ 99 ਪ੍ਰਾਇਮਰੀ ਤੇ ਸੀਨੀਅਰ ਸੈਕੰਡਰੀ ਸਕੂਲ ਹੜ੍ਹ ਦੇ ਪਾਣੀ ਤੋਂ ਪ੍ਰਭਾਵਿਤ ਹੋਏ ਸਨ। ਨੁਕਸਾਨ ਬਾਰੇ ਰਿਪੋਰਟ ਭਲਕੇ 14 ਨਵੰਬਰ ਨੂੰ ਪੰਜਾਬ ਦੇ ਮੁੱਖ ਸਕੱਤਰ ਦੀ ਪ੍ਰਧਾਨਗੀ ਹੇਠ ਹੋਣ ਵਾਲੀ ਸਟੇਟ ਪੋਸਟ-ਡਿਜ਼ਾਸਟਰ ਅਸੈਸਮੈਂਟ ਕਮੇਟੀ ਦੀ ਮੀਟਿੰਗ ਵਿਚ ਪੇਸ਼ ਕੀਤੀ ਜਾਵੇਗੀ। ਮੀਟਿੰਗ ਵਿਚ ਫੀਲਡ ਡੇਟਾ ਦੀ ਪੜਚੋਲ ਕੀਤੀ ਜਾਵੇਗੀ ਅਤੇ ਉਸ ਤੋਂ ਬਾਅਦ ਮੁੜ ਵਸੇਬੇ ਲਈ ਕਦਮ ਚੁੱਕੇ ਜਾਣਗੇ। ਕੇਂਦਰੀ ਟੀਮ ਵਿਚ ਪ੍ਰਿੰਸੀਪਲ ਸਾਇੰਟਿਸਟ ਡਾ. ਐੱਮ.

ਐੱਸ. ਦਲਢੇਰਾ, ਪ੍ਰਿੰਸੀਪਲ ਸਾਇੰਟਿਸਟ ਡਾ. ਐੱਸ. ਗਣੇਸ਼ ਕੁਮਾਰ ਤੇ ਹੋਰ ਮਾਹਿਰ ਸ਼ਾਮਲ ਹਨ ।

---------------------------------------------------------------

ਖੇਤਰੀ ਪਾਸਪੋਰਟ ਦਫ਼ਤਰ (ਆਰ.ਪੀ.ਓ.) ਨੇ ਕੱਲ੍ਹ ਜਲੰਧਰ ਵਿਚ ਇਕ ਪਾਸਪੋਰਟ ਅਦਾਲਤ ਲਗਾਈ, ਜਿਸ ਵਿਚ ਪਾਸਪੋਰਟਾਂ ਨਾਲ ਸਬੰਧਤ ਵੱਖ-ਵੱਖ ਸਮੱਸਿਆਵਾਂ ਦੇ ਹੱਲ ਲਈ ਲਗਭਗ 350 ਤੋਂ ਵੱਧ ਬਿਨੈ-ਪੱਤਰ ਵਾਚੇ ਗਏ । ਖੇਤਰੀ ਪਾਸਪੋਰਟ ਅਫ਼ਸਰ ਸ਼੍ਰੀ ਯਸ਼ਪਾਲ ਨੇ ਦੱਸਿਆ ਕਿ ਪਾਸਪੋਰਟ ਜਾਰੀ ਕਰਨ ਲਈ 250 ਤੋਂ ਵੱਧ ਅਰਜ਼ੀਆਂ ਨੂੰ ਮਨਜ਼ੂਰੀ ਦਿੱਤੀ ਗਈ ਏ ਤੇ ਬਾਕੀ ਮਾਮਲਿਆਂ 'ਤੇ ਬਣਦੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਏ ।ਅਦਾਲਤ ਵਿਚ ਅਧਿਕਾਰੀਆਂ ਨੇ 350 ਮਾਮਲਿਆਂ ਦੀ ਸੁਣਵਾਈ ਕੀਤੀ, ਜਿਨ੍ਹਾਂ ਵਿੱਚੋਂ 250 ਨੂੰ ਮੌਕੇ 'ਤੇ ਪ੍ਰਵਾਨਗੀ ਦਿੱਤੀ ਗਈ। ਪੈਂਡਿੰਗ ਫਾਈਲਾਂ ਵਾਲੇ ਬਿਨੈਕਾਰ ਕਿਸੇ ਵੀ ਕੰਮ-ਕਾਜ ਵਾਲੇ ਦਿਨ ਸਵੇਰੇ 9:30 ਵਜੇ ਤੋਂ ਦੁਪਹਿਰ 12:30 ਵਜੇ ਦਰਮਿਆਨ, ਪਹਿਲਾਂ ਤੋਂ ਆਨਲਾਈਨ ਅਪਾਇੰਟਮੈਂਟ ਲੈ ਕੇ ਜਾਂ ਇਸ ਤੋਂ ਬਿਨਾਂ, ਸਾਰੇ ਸਬੰਧਤ ਦਸਤਾਵੇਜ਼ ਲੈ ਕੇ ਦਫ਼ਤਰ ਆ ਸਕਦੇ ਨੇ।

------------------------------------------------------------

ਜਲੰਧਰ ਕਮਿਸ਼ਨਰੇਟ  ਪੁਲਿਸ ਦੇ ਕਮਿਸ਼ਨਰ ਧੰਨਪ੍ਰੀਤ ਕੌਰ ਨੇ ਹਦਾਇਤਾਂ ਜਾਰੀ ਕੀਤੀਆਂ ਨੇ ਕਿ ਪੁਲਿਸ ਕਮਿਸ਼ਨਰੇਟ ਜਲੰਧਰ ਦੀ ਹੱਦ ਅੰਦਰ ਰੇਲਵੇ ਸਟੇਸ਼ਨ, ਬੱਸ ਸਟੈਂਡ, ਧਾਰਮਿਕ ਸਥਾਨ, ਹਸਪਤਾਲ, ਭੀੜ-ਭੱੜਕੇ ਵਾਲੇ ਬਾਜ਼ਾਰਾਂ ਵਿਚ ਵਾਹਨ ਖੜ੍ਹੇ ਕਰਨ ਕਰਨ ਲਈ ਚਲਾਈਆਂ ਜਾ ਰਹੀਆਂ ਪਾਰਕਿੰਗ ਵਾਲੀਆਂ ਦੇ ਮਾਲਕ, ਕੰਪਲੈਕਸ ਦੇ ਅੰਦਰ ਜਾਂ ਬਾਹਰ ਸੀ.ਸੀ.ਟੀ.ਵੀ. ਕੈਮਰੇ ਲਾਉਣੇ ਯਕੀਨੀ ਬਣਾਉਣ। ਇਹ ਕੈਮਰੇ ਇਸ ਤਰ੍ਹਾਂ ਲਗਾਏ ਜਾਣ ਕਿ ਵਾਹਨ ਦੀ ਨੰਬਰ ਪਲੇਟ ਤੇ ਵਾਹਨ ਚਾਲਕ ਦਾ ਚਿਹਰਾ ਸਾਫ਼ ਨਜ਼ਰ ਆਵੇ ਅਤੇ 45 ਦਿਨ ਤੱਕ ਦੀ ਰਿਕਾਰਡਿੰਗ, ਹਰ 15 ਦਿਨਾਂ ਬਾਅਦ ਸਕਿਓਰਿਟੀ ਬ੍ਰਾਂਚ ਦਫ਼ਤਰ ਪੁਲਿਸ ਕਮਿਸ਼ਨਰ ਜਲੰਧਰ ਵਿਚ ਜਮ੍ਹਾ ਕਰਵਾਉਣੀ ਪਵੇਗੀ। ਪਾਰਕਿੰਗ ਵਾਲੀਆਂ ਥਾਵਾਂ ’ਤੇ ਕੰਮ ਕਰ ਰਹੇ ਮੁਲਾਜ਼ਮਾਂ ਬਾਰੇ ਸਬੰਧਤ ਥਾਣਿਆਂ ਤੋਂ ਤਸਦੀਕ ਕਰਵਾਈ ਜਾਵੇ। ਇਸੇ ਤਰ੍ਹਾਂ ਕੋਈ ਵੀ ਦੁਕਾਨਦਾਰ ਜਾਂ ਦਰਜੀ, ਸੈਨਿਕ/ਅਰਧ ਸੈਨਿਕ ਬਲ/ਪੁਲਿਸ ਦੀ ਬਣੀ ਬਣਾਈ ਵਰਦੀ ਜਾਂ ਕੱਪੜਾ ਲੈ ਕੇ ਸੀਤੀ ਸਿਲਾਈ ਵਰਦੀ ਖ਼ਰੀਦਦਾਰ ਦੀ

ਦਰੁਸਤ ਸ਼ਨਾਖਤ ਕੀਤੇ ਬਿਨਾਂ ਨਹੀਂ ਵੇਚ ਸਕੇਗਾ। ਵਰਦੀ ਖ਼ਰੀਦਣ ਵਾਲੇ ਬਾਰੇ ਜਾਣਕਾਰੀ ਰਿਕਾਰਡ ਰਜਿਸਟਰ ’ਤੇ ਦਰਜ ਕਰਨੀ ਪਵੇਗੀ। ਇਹ ਰਜਿਸਟਰ ਦੋ ਮਹੀਨਿਆਂ ਵਿਚ ਇਕ ਵਾਰ ਸਬੰਧਤ ਮੁੱਖ ਥਾਣਾ ਅਫ਼ਸਰ ਪਾਸੋਂ ਤਸਦੀਕ ਕਰਵਾਉਣਾ ਪਵੇਗਾ ਤੇ ਲੋੜ ਪੈਣ ’ਤੇ ਪੁਲਿਸ ਨੂੰ ਰਿਕਾਰਡ ਮੁਹੱਈਆ ਕਰਵਾਉਣਾ ਪਵੇਗਾ। ਇਸ ਤੋਂ ਇਲਾਵਾ ਹੋਰ ਵੀ ਹੁਕਮ ਕੀਤੇ ਗਏ ਨੇ।

---------------------------------------------------